14.10.2026
ਸ਼ਹੀਦ ਪਰਿਵਾਰ ਫੰਡ
ਸਹਿਯੋਗੀਆਂ ਦੀ ਸੂਚੀ

Donation Eligible U/s 133 Income Tax,2025

ਗੋਲਡਨ ਅਪੈਰਲਸ, ਲੁਧਿਆਣਾ ਦੇ ਗੁਰਮੀਤ ਸਿੰਘ ਕਥੂਰੀਆ ਨੇ ਸ਼ਹੀਦ ਪਰਿਵਾਰ ਫੰਡ ਲਈ 11,000 ਰੁਪਏ ਦੀ ਰਕਮ ਭੇਜੀ, ਜੋ ਸੁਨੀਲ ਧਵਨ ਨੇ ਵਿਜੇ ਚੋਪੜਾ ਜੀ ਨੂੰ ਸੌਂਪੀ।

ਪੰਜਾਬ ਕੇਸਰੀ ਫਿਰੋਜ਼ਪੁਰ ਆਫਿਸ ਟੀਮ ਦੇ ਇੰਚਾਰਜ ਜੇ. ਐੱਸ. ਕੁਮਾਰ, ਸੁਰਿੰਦਰ ਖੁੱਲਰ, ਪਰਮਜੀਤ ਕੌਰ ਸੋਢੀ, ਨਰਿੰਦਰ ਬਜਾਜ, ਗੁਰਮੇਲ ਸਿੰਘ ਸੇਖੋਂ, ਸੁਬੋਧ ਨਾਗਪਾਲ, ਲੀਲਾਧਰ, ਪਵਨ ਸੀਕਰੀ, ਮਨਜੀਤ ਸਿੰਘ ਤੇ ਰਵਿੰਦਰ ਸਿੰਘ ਕਾਲਾ ਸ਼ਹੀਦ ਪਰਿਵਾਰ ਫੰਡ ਲਈ 11,110 ਰੁਪਏ ਦਾ ਚੈੱਕ ਵਰਿੰਦਰ ਤਲਵਾੜ ਤੇ ਮਲਕੀਅਤ ਸਿੰਘ ਨੂੰ ਦਿੰਦੇ ਹੋਏ।

ਸਵ. ਚੰਚਲਾ ਦੇਵੀ ਦੀ ਦੂਜੀ ਬਰਸੀ 'ਤੇ ਪਤੀ ਰਮੇਸ਼ ਚੰਦ ਨੇ ਪਰਿਵਾਰ ਸਮੇਤ ਪਿੰਡ, ਡਾਕਖਾਨਾ ਤੇ ਤਹਿਸੀਲ ਘਨਾਰੀ, ਜ਼ਿਲਾ ਊਨਾ (ਹਿ. ਪ੍ਰ.) ਤੋਂ 4,100 ਰੁਪਏ ਸ਼ਹੀਦ ਪਰਿਵਾਰ ਫੰਡ ਲਈ ਭੇਜੇ।

ਗੋਲਡਨ ਅਪੈਰਲਸ, ਲੁਧਿਆਣਾ (R.No. 25249)	11,000.00
ਜੇ. ਐੱਸ. ਕੁਮਾਰ, ਫਿਰੋਜ਼ਪੁਰ ਆਫਿਸ (R.No. 25253)	11,110.00
ਰਮੇਸ਼ ਚੰਦ, ਊਨਾ (ਹਿ. ਪ੍ਰ.) (R.No. 25254)	4,100.00
ਲਘੂਦਾਨ (R.No. 26462 ਤੋਂ 26511) ਮਿਤੀ 13.10.2026	1,500.00
ਅੱਜ ਦਾ ਜੋੜ	27,710.00
ਪਿਛਲਾ ਜੋੜ	51,58,714.33
ਕੁੱਲ ਜੋੜ	51,86,424.33
ਇਸ ਸਾਲ 24 ਪਰਿਵਾਰਾਂ ਨੂੰ ਦਿੱਤੀ ਰਕਮ	16,20,000.00
ਬਾਕੀ ਜੋੜ	35,66,424.33
ਯੂਨੀਅਨ ਬੈਂਕ 'ਚ ਪਈਆਂ ਐੱਫ. ਡੀਜ਼+ਵਿਆਜ	3,07,23,080.70
10720 ਪਰਿਵਾਰਾਂ ਨੂੰ ਦਿੱਤੀ ਗਈ ਰਕਮ	20,05,14,900.00
ਕੁੱਲ ਰਕਮ	23,48,04,405.03

1. ਫੋਟੋ 4100 ਰੁਪਏ ਜਾਂ ਵੱਧ ਦੇਣ ਵਾਲਿਆਂ ਦੀ ਛਪੇਗੀ।
2. ਨਕਦ ਤੇ ਡਰਾਫਟ ਦਫਤਰ 'ਚ 12 ਤੋਂ 8 PM. ਤਕ ਦਿਓ।
3. **NEFT** ਲਈ—ਯੂਨੀਅਨ ਬੈਂਕ ਆਫ ਇੰਡੀਆ, ਸਿਵਲ ਲਾਈਨਜ਼, ਜਲੰਧਰ। **A/c. No. 308302010024188, IFSC Code: UBIN0530832.**
4. ਰਕਮ ਟਰਾਂਸਫਰ ਕਰ ਕੇ 9872457650 'ਤੇ ਵ੍ਹਟਸਐਪ ਕਰੋ ਅਤੇ ਆਪਣਾ ਆਧਾਰ ਜਾਂ ਪੈਨ ਨੰਬਰ ਨਾਲ ਭੇਜੋ।

ਸਹਿਯੋਗ ਇੱਥੇ ਭੇਜੋ : ਸ਼ਹੀਦ ਪਰਿਵਾਰ ਫੰਡ
ਪੰਜਾਬ ਕੇਸਰੀ ਗਰੁੱਪ, ਸਿਵਲ ਲਾਈਨਸ, ਜਲੰਧਰ-144001

ਸੀ. ਐੱਮ. ਮਾਨ ਦੇ ਸਾਬਕਾ ਓ. ਐੱਸ. ਡੀ. ਮਨਜੀਤ ਸਿੱਧੂ ਕਾਂਗਰਸ 'ਚ ਸ਼ਾਮਲ

ਕਾਂਗਰਸ ਭਵਨ 'ਚ ਸਾਬਕਾ ਓ. ਐੱਸ. ਡੀ. ਮਨਜੀਤ ਸਿੰਘ ਸਿੱਧੂ ਦਾ ਕਾਂਗਰਸ 'ਚ ਸਵਾਗਤ ਕਰਦੇ ਪਰਗਟ ਸਿੰਘ। (ਕੁਲਲ)

ਚੰਡੀਗੜ੍ਹ/ਜਲੰਧਰ, 13 ਅਕਤੂਬਰ (ਵਿਨੈ, ਅੰਕੁਰ, ਧਵਨ)-ਚੰਡੀਗੜ੍ਹ ਸਥਿਤ ਕਾਂਗਰਸ ਭਵਨ 'ਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪਰਗਟ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਸਾਬਕਾ ਓ. ਐੱਸ. ਡੀ. ਮਨਜੀਤ ਸਿੰਘ ਸਿੱਧੂ ਨੂੰ ਕਾਂਗਰਸ ਪਾਰਟੀ 'ਚ ਸ਼ਾਮਲ ਕਰਵਾਇਆ। ਮੁੱਖ ਮੰਤਰੀ ਮਾਨ ਨਾਲ ਪਹਿਲਾਂ ਕੰਮ ਕਰ ਚੁੱਕੇ ਸਿੱਧੂ ਦਾ ਕਾਂਗਰਸ 'ਚ ਆਉਣਾ ਸਿਆਸੀ ਨਜ਼ਰੀਏ ਤੋਂ ਅਹਿਮ ਮੰਨਿਆ ਜਾ ਰਿਹਾ ਹੈ। ਇਸ ਘਟਨਾਕ੍ਰਮ ਰਾਹੀਂ ਕਾਂਗਰਸ ਨੇ ਆਮ ਆਦਮੀ ਪਾਰਟੀ ਨਾਲ ਜੁੜੇ ਰਹੇ ਇਕ ਸਾਬਕਾ ਅਧਿਕਾਰੀ ਨੂੰ ਆਪਣੇ ਨਾਲ ਜੋੜਨ ਦਾ ਸੁਨੇਹਾ ਦਿੱਤਾ ਹੈ।

ਕਾਂਗਰਸ 'ਚ ਮਨਜੀਤ ਸਿੰਘ ਸਿੱਧੂ ਦੀ ਐਂਟਰੀ ਨੂੰ ਸੂਬੇ 'ਚ ਪਾਰਟੀ ਦੇ ਜਥੇਬੰਦਕ ਵਿਸਥਾਰ ਅਤੇ ਸਿਆਸੀ ਗਤੀਵਿਧੀਆਂ ਦੇ ਸੰਦਰਭ 'ਚ ਦੇਖਿਆ ਜਾ ਰਿਹਾ ਹੈ। ਕਾਂਗਰਸ 'ਚ ਸ਼ਾਮਲ ਹੋਣ ਤੋਂ ਬਾਅਦ ਸਿੱਧੂ ਪਾਰਟੀ ਦੀਆਂ ਗਤੀਵਿਧੀਆਂ 'ਚ ਕਿਸ ਤਰ੍ਹਾਂ ਯੋਗਦਾਨ ਪਾਉਣਗੇ ਅਤੇ ਪੰਜਾਬ ਦੀ ਸਿਆਸਤ 'ਚ ਉਨ੍ਹਾਂ ਦੀ ਕੀ ਭੂਮਿਕਾ ਹੋਵੇਗੀ, ਇਸ 'ਤੇ ਸਭ ਦੀਆਂ ਨਜ਼ਰਾਂ ਰਹਿਣਗੀਆਂ। ਇਸ ਦੌਰਾਨ ਪਰਗਟ ਸਿੰਘ ਨੇ ਵੋਟਰ ਸੂਚੀਆਂ ਦੀ ਐੱਸ. ਆਈ. ਆਰ. ਨੂੰ ਲੈ ਕੇ ਅਸੰਤੁਸ਼ਟੀ ਜ਼ਾਹਿਰ ਕਰਦਿਆਂ ਪੰਜਾਬ 'ਚ 13 ਲੱਖ ਤੋਂ ਵੱਧ ਵੋਟਾਂ ਕੱਟੇ ਜਾਣ 'ਤੇ ਸਵਾਲ ਚੁੱਕੇ।

ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਕਿੰਨੇ ਵੋਟਰਾਂ ਦੇ ਨਾਂ ਹਟਾਏ ਗਏ, ਇਸ ਦੇ ਪਿੱਛੇ ਕੀ ਕਾਰਨ ਰਹੇ ਅਤੇ ਯੋਗ ਵੋਟਰਾਂ ਦੇ ਅਧਿਕਾਰਾਂ ਦੀ ਰਾਖੀ ਲਈ ਕੀ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵੋਟਰ ਸੂਚੀਆਂ ਨਾਲ ਜੁੜੇ ਹਰ ਸ਼ੱਕ ਦਾ ਨਿਰਪੱਖ ਹੱਲ ਹੋਣਾ ਚਾਹੀਦਾ ਹੈ, ਤਾਂ ਜੋ ਕੋਈ ਵੀ ਯੋਗ ਨਾਗਰਿਕ ਆਪਣੇ ਵੋਟ ਦੇ ਅਧਿਕਾਰ ਤੋਂ ਵਾਂਝਾ ਨਾ ਰਹੇ।

ਕੇਜਰੀਵਾਲ ਨੇ ਭੰਗ ਕਰਵਾਈ ਗੁਰੂਘਰ ਦੀ ਮਰਿਆਦਾ : ਆਰ. ਪੀ. ਸਿੰਘ

ਚੰਡੀਗੜ੍ਹ, 13 ਅਕਤੂਬਰ (ਅੰਕੁਰ)-'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ 10 ਅਕਤੂਬਰ ਨੂੰ ਆਪਣੀ ਪਾਰਟੀ ਦੇ ਯੂਥ ਵਿੰਗ ਕਾਕਰੋਚ ਜਨਤਾ ਪਾਰਟੀ ਦੇ ਪ੍ਰਦਰਸ਼ਨ ਦੌਰਾਨ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦੀ ਮਰਿਯਾਦਾ ਭੰਗ ਕਰਵਾਈ ਹੈ, ਜਿਸ ਲਈ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਜਾਣਾ ਚਾਹੀਦਾ ਹੈ। ਇਹ ਮੰਗ ਭਾਜਪਾ ਦੇ ਕੌਮੀ ਬੁਲਾਰੇ ਆਰ. ਪੀ. ਸਿੰਘ ਨੇ ਪ੍ਰੈੱਸ ਕਾਨਫਰੰਸ ਦੌਰਾਨ ਕੀਤੀ।

ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਮੰਗ ਕੀਤੀ ਕਿ ਉਹ ਕੇਜਰੀਵਾਲ ਨੂੰ ਤਲਬ ਕਰਨ ਤੇ ਇਸ ਹਰਕਤ ਲਈ ਮੁਆਫ਼ੀ ਮੰਗਣ ਲਈ ਕਹਿਣ। ਉਨ੍ਹਾਂ ਕਿਹਾ ਕਿ ਕੇਜਰੀਵਾਲ ਗੁਰੂਘਰ ਦੀ ਵਰਤੋਂ ਸਿਆਸੀ ਮਕਸਦਾਂ ਲਈ ਕਰ ਰਹੇ ਹਨ, ਜੋ ਬੇਹੱਦ ਨਿੰਦਣਯੋਗ ਹੈ। ਆਰ. ਪੀ. ਸਿੰਘ ਨੇ ਦੋ ਵੀਡੀਓ ਕਲਿੱਪ ਦਿਖਾਉਂਦਿਆਂ ਕਿਹਾ ਕਿ ਦਿੱਲੀ 'ਚ ਸੀ. ਜੇ. ਪੀ. ਦੇ ਪ੍ਰਦਰਸ਼ਨ ਦੌਰਾਨ ਇਹ ਝੂਠੀ ਖ਼ਬਰ ਫੈਲਾਈ ਗਈ ਕਿ ਦਿੱਲੀ ਪੁਲਸ ਜੁੱਤੀਆਂ ਪਾ ਕੇ ਗੁਰਦੁਆਰਾ ਬੰਗਲਾ ਸਾਹਿਬ 'ਚ ਦਾਖ਼ਲ ਹੋਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਇਹ ਸਭ ਅਰਵਿੰਦ ਕੇਜਰੀਵਾਲ ਵੱਲੋਂ ਰਚੀ ਗਈ ਘਟੀਆ ਸਿਆਸੀ ਚਾਲ ਹੈ। ਸੀ. ਜੇ. ਪੀ. ਹੋਰ ਕੁਝ ਨਹੀਂ, ਸਗੋਂ ਆਮ ਆਦਮੀ ਪਾਰਟੀ ਦਾ ਯੂਥ ਵਿੰਗ ਹੈ, ਇਨ੍ਹਾਂ ਦੇ ਨਾਲ ਖੱਬੇਪੱਖੀ ਵਿਦਿਆਰਥੀ ਵਿੰਗ ਵੀ ਸਨ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਦੇ ਕਾਰਕੁੰਨ ਲੰਗਰ ਛਕਣ ਦੇ ਬਹਾਨੇ ਗੁਰਦੁਆਰਾ ਸਾਹਿਬ 'ਚ ਦਾਖ਼ਲ ਹੋਏ ਜਦ ਉਹ ਗੁਰਦੁਆਰਾ ਸਾਹਿਬ 'ਚ ਦਾਖ਼ਲ ਹੋਏ ਉਨ੍ਹਾਂ ਕੋਲ ਪਿੱਠੂ ਬੈਗ ਸਨ ਪਰ ਅੰਦਰ ਜਾ ਕੇ ਉਨ੍ਹਾਂ ਪੋਸਟਰ ਕੱਢ ਲਏ ਤੇ ਗੁਰਦੁਆਰਾ ਸਾਹਿਬ ਦੇ ਅੰਦਰ ਆਪਣੇ ਸਿਆਸੀ ਏਜੰਡੇ ਨੂੰ ਪੂਰਾ ਕਰਨ ਲਈ ਮੀਟਿੰਗ ਕਰਨ ਲੱਗੇ। ਇਸ ਤੋਂ ਬਾਅਦ ਉਨ੍ਹਾਂ ਉੱਥੇ ਤਖ਼ਤੀਆਂ ਲਹਿਰਾਈਆਂ ਅਤੇ ਨਾਅਰੇਬਾਜ਼ੀ ਵੀ ਕੀਤੀ। ਉਨ੍ਹਾਂ ਕਿਹਾ ਕਿ ਗੁਰੂਘਰ ਕੀਰਤਨ ਕਰਨ ਦੀ ਜਗ੍ਹਾ ਹੈ, ਉੱਥੇ ਸਿਆਸੀ ਮੀਟਿੰਗਾਂ ਕਰਨ ਦੀ ਕੋਈ ਥਾਂ ਨਹੀਂ ਹੈ।

ਪੰਜਾਬ 'ਚ ਐੱਸ. ਆਈ. ਆਰ. ਨੂੰ ਲੈ ਕੇ 'ਆਪ' ਤੇ ਕਾਂਗਰਸ ਦੀ ਘਟੀਆ ਸਿਆਸਤ ਦਾ ਪਰਦਾਫਾਸ਼ : ਰਜਨੀਸ਼ ਧੀਮਾਨ

ਚੰਡੀਗੜ੍ਹ/ਲੁਧਿਆਣਾ, 13 ਅਕਤੂਬਰ (ਅੰਕੁਰ, ਗੁਪਤਾ, ਖੁੱਲਰ)-ਪੰਜਾਬ ਕਾਂਗਰਸ ਤੇ 'ਆਪ' ਚੰਡੀਗੜ੍ਹ 'ਚ ਚੋਣ ਕਮਿਸ਼ਨ ਅੱਗੇ ਧਰਨੇ ਦੇ ਰਹੀਆਂ ਸਨ ਤੇ ਦਿੱਲੀ 'ਚ ਵੀ ਇਸ ਮੁੱਦੇ 'ਤੇ ਮੁਹਿੰਮ ਚਲਾ ਰਹੀਆਂ ਹਨ ਪਰ ਪੰਜਾਬ 'ਚ ਐੱਸ. ਆਈ. ਆਰ. ਦੇ ਮੁੱਦੇ 'ਤੇ ਦੋਵਾਂ ਪਾਰਟੀਆਂ ਨੇ ਕੋਈ ਇਤਰਾਜ਼ ਨਹੀਂ ਉਠਾਇਆ। ਇਹ ਚੋਣ ਕਮਿਸ਼ਨ ਦੀ ਪਾਰਦਰਸ਼ਤਾ ਨੂੰ ਦਰਸਾਉਂਦਾ ਹੈ ਤੇ ਐੱਸ. ਆਈ. ਆਰ. ਦੇ ਮੁੱਦੇ 'ਤੇ ਆਮ ਆਦਮੀ ਪਾਰਟੀ ਤੇ ਕਾਂਗਰਸ ਵੱਲੋਂ ਕੀਤੀ ਜਾ ਰਹੀ ਘਟੀਆ ਸਿਆਸਤ ਨੂੰ ਉਜਾਗਰ ਕਰਦਾ ਹੈ। ਇਹ ਸ਼ਬਦ ਭਾਜਪਾ ਪੰਜਾਬ ਦੇ ਸੂਬਾ ਜਨਰਲ ਸਕੱਤਰ ਰਜਨੀਸ਼ ਧੀਮਾਨ ਦੇ ਹਨ।

ਧੀਮਾਨ ਨੇ ਕਿਹਾ ਪੰਜਾਬ ਦੀ ਵੋਟਰ ਸੂਚੀ ਨੇ ਸੂਬਾ ਪੱਧਰ 'ਤੇ ਸਿਆਸੀ ਪਾਰਟੀਆਂ ਦੇ ਰੁਖ਼ ਵੱਲ ਵੀ ਧਿਆਨ ਖਿੱਚਿਆ ਹੈ। ਕਾਂਗਰਸ, ਆਮ ਆਦਮੀ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਨੁਮਾਇੰਦਿਆਂ ਨੇ ਅੰਤਿਮ ਵੋਟਰ ਸੂਚੀ 'ਤੇ ਸੰਤੁਸ਼ਟੀ ਜ਼ਾਹਿਰ ਕੀਤੀ ਹੈ। ਇਸ ਤਰ੍ਹਾਂ ਕੌਮੀ ਰਾਜਧਾਨੀ 'ਚ ਐੱਸ ਆਈ ਆਰ. ਨੂੰ ਲੈ ਕੇ ਜਾਰੀ ਸਿਆਸੀ ਟਕਰਾਅ ਦੇ ਉਲਟ, ਇਨ੍ਹਾਂ ਪਾਰਟੀਆਂ ਦੇ ਨੁਮਾਇੰਦਿਆਂ ਨੇ ਚੋਣ ਕਮਿਸ਼ਨ ਵੱਲੋਂ ਪ੍ਰਕਾਸ਼ਿਤ ਅੰਤਿਮ ਵੋਟਰ ਸੂਚੀ 'ਤੇ ਕੋਈ ਇਤਰਾਜ਼ ਨਾ ਹੋਣ ਦੀ ਗੱਲ ਕਹੀ ਹੈ।

ਸੁਖਮਿੰਦਰਪਾਲ ਸਿੰਘ ਗਰੇਵਾਲ ਵੱਲੋਂ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਤੋਂ ਅਸਤੀਫ਼ਾ

ਜੈਤੋ, 13 ਅਕਤੂਬਰ (ਪਰਾਸ਼ਰ)-ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਵਕੀਲ ਤੇ ਕੌਮੀ ਆਗੂ ਸੁਖਮਿੰਦਰਪਾਲ ਸਿੰਘ ਗਰੇਵਾਲ ਬੁਖੜੀ ਕਲਾਂ ਨੇ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਦੀ ਮੁੱਢਲੀ ਮੈਂਬਰਸ਼ਿਪ ਤੋਂ ਆਪਣਾ ਅਸਤੀਫ਼ਾ ਦੇ ਦਿੱਤਾ ਹੈ।

ਉਨ੍ਹਾਂ ਦੱਸਿਆ ਕਿ 23 ਸਤੰਬਰ 2026 ਨੂੰ ਨਵੀਂ ਦਿੱਲੀ ਵਿਖੇ ਪਾਰਟੀ 'ਚ ਸ਼ਾਮਲ ਹੋਣ ਮੌਕੇ ਉਨ੍ਹਾਂ ਨੂੰ ਕੌਮੀ ਮੀਤ ਪ੍ਰਧਾਨ ਅਤੇ ਪੰਜਾਬ ਦੇ ਸਹਿ-ਇੰਚਾਰਜ ਦੀ ਜ਼ਿੰਮੇਵਾਰੀ ਦੇਣ ਦਾ ਭਰੋਸਾ ਦਿੱਤਾ ਗਿਆ ਸੀ ਪਰ 20 ਦਿਨ ਬੀਤਣ ਦੇ ਬਾਵਜੂਦ ਨਿਯੁਕਤੀ ਪੱਤਰ ਜਾਰੀ ਨਹੀਂ ਕੀਤਾ ਗਿਆ।

ਮੰਡੀ ਬੋਰਡ 'ਚ ਕਥਿਤ ਬੇਨਿਯਮੀਆਂ ਦੇ ਮਾਮਲੇ 'ਚ ਹਾਈ ਕੋਰਟ ਨੇ ਮੰਗਿਆ ਜਵਾਬ

ਚੰਡੀਗੜ੍ਹ/ਜਲੰਧਰ 13 ਅਕਤੂਬਰ (ਅੰਕੁਰ, ਵਿਸ਼ੇਸ਼)-ਪੰਜਾਬ ਮੰਡੀ ਬੋਰਡ 'ਚ ਕਰੀਬ 500 ਕਰੋੜ ਰੁਪਏ ਦੀਆਂ ਕਥਿਤ ਵਿੱਤੀ ਬੇਨਿਯਮੀਆਂ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਹੈ।

ਗੁਰਦਾਸਪੁਰ ਨਿਵਾਸੀ ਰਣਜੀਤ ਸਿੰਘ ਵੱਲੋਂ ਦਾਇਰ ਪਟੀਸ਼ਨ 'ਚ ਦੋਸ਼ ਲਾਇਆ ਗਿਆ ਹੈ ਕਿ ਲੋਕ ਨਿਰਮਾਣ ਵਿਭਾਗ (ਪੀ. ਡਬਲਿਊ. ਡੀ.) ਵੱਲੋਂ ਪਹਿਲਾਂ ਹੀ ਬਣਾਈਆਂ ਜਾ ਚੁੱਕੀਆਂ ਸੜਕਾਂ ਲਈ ਮੰਡੀ ਬੋਰਡ ਨੇ ਦੁਬਾਰਾ ਟੈਂਡਰ ਜਾਰੀ ਕੀਤੇ ਅਤੇ ਕਥਿਤ ਤੌਰ 'ਤੇ ਭੁਗਤਾਨ ਵੀ ਕੀਤਾ। ਹਾਈ ਕੋਰਟ ਨੇ ਪੰਜਾਬ ਸਰਕਾਰ ਸਮੇਤ ਹੋਰ ਪ੍ਰਤੀਵਾਦੀ ਧਿਰਾਂ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ।

ਨਿਰਪੱਖ ਜਾਂਚ ਹੋਵੇ : ਰਾਜੇਸ਼ ਬਾਘਾ

ਜਲੰਧਰ, (ਵਿਸ਼ੇਸ਼)-ਭਾਜਪਾ ਦੇ ਸੂਬਾ ਜਨਰਲ ਸਕੱਤਰ ਰਾਜੇਸ਼ ਬਾਘਾ ਨੇ ਕਿਹਾ ਕਿ 500 ਕਰੋੜ ਰੁਪਏ ਦੇ ਕਥਿਤ ਸੜਕ ਘਪਲੇ ਦਾ ਮਾਮਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਪਹੁੰਚਣ ਨਾਲ ਸਰਕਾਰ ਦੀ ਇਮਾਨਦਾਰੀ 'ਤੇ ਸਵਾਲ ਖੜ੍ਹੇ ਹੋ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ 'ਚ ਪਹਿਲਾਂ ਤੋਂ ਬਣੀਆਂ ਸੜਕਾਂ ਦੇ ਮੁੜ-ਨਿਰਮਾਣ ਦੇ ਨਾਂ 'ਤੇ ਲੱਗਭਗ 500 ਕਰੋੜ ਰੁਪਏ ਦੀਆਂ ਕਥਿਤ ਵਿੱਤੀ ਬੇਨਿਯਮੀਆਂ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ।

ਏ. ਐੱਸ. ਆਈ. ਇਕਬਾਲ ਸਿੰਘ ਦੇ ਪਰਿਵਾਰ ਨੂੰ 2 ਕਰੋੜ ਦੀ ਆਰਥਿਕ ਸਹਾਇਤਾ ਦੇਣ ਦਾ ਐਲਾਨ

ਜਲੰਧਰ, 13 ਅਕਤੂਬਰ (ਧਵਨ)-ਪੰਜਾਬ ਸਰਕਾਰ ਨੇ ਡਿਊਟੀ ਦੌਰਾਨ ਸ਼ਹੀਦ ਹੋਏ ਏ. ਐੱਸ. ਆਈ. ਇਕਬਾਲ ਸਿੰਘ ਦੇ ਪਰਿਵਾਰ ਨੂੰ ਕੁੱਲ 2 ਕਰੋੜ ਰੁਪਏ ਦੀ ਆਰਥਿਕ ਸਹਾਇਤਾ ਦੇਣ ਦਾ ਫੈਸਲਾ ਕੀਤਾ ਹੈ। ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਇਹ ਜਾਣਕਾਰੀ ਦਿੰਦਿਆਂ ਸ਼ਹੀਦ ਏ. ਐੱਸ. ਆਈ. ਇਕਬਾਲ ਸਿੰਘ ਦੀ ਬਹਾਦਰੀ ਅਤੇ ਡਿਊਟੀ ਪ੍ਰਤੀ ਸਮਰਪਣ ਨੂੰ ਨਮਨ ਕੀਤਾ। ਡੀ. ਜੀ. ਪੀ. ਗੌਰਵ ਯਾਦਵ ਨੇ ਕਿਹਾ ਕਿ ਏ. ਐੱਸ. ਆਈ. ਇਕਬਾਲ ਸਿੰਘ ਨੇ ਡਿਊਟੀ ਦੌਰਾਨ ਸਰਵਉੱਚ ਬਲਿਦਾਨ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਫੈਸਲੇ ਅਨੁਸਾਰ ਸ਼ਹੀਦ ਦੇ ਪਰਿਵਾਰ ਨੂੰ ਪੰਜਾਬ ਸਰਕਾਰ ਵੱਲੋਂ 1 ਕਰੋੜ ਰੁਪਏ ਦੀ ਐਕਸ-ਗ੍ਰੇਸ਼ੀਆ ਰਕਮ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਐੱਚ. ਡੀ. ਐੱਫ. ਸੀ. ਬੈਂਕ ਵੱਲੋਂ 1 ਕਰੋੜ ਰੁਪਏ ਦੀ ਬੀਮਾ ਰਕਮ ਦਾ ਚੈੱਕ ਵੀ ਪਰਿਵਾਰ ਨੂੰ ਸੌਂਪਿਆ ਜਾਵੇਗਾ।

'ਪੰਜਾਬ ਕੇਸਰੀ' ਗਰੁੱਪ ਦੀ ਰਾਹਤ ਮੁਹਿੰਮ ਦਾ 963ਵਾਂ ਟਰੱਕ
'ਅਮਿਤ ਇੰਪੈਕਸ' ਦੇ ਅਮਿਤ ਕੁਮਾਰ ਤੇ ਪਰਿਵਾਰ ਵੱਲੋਂ ਭਿਜਵਾਈ ਸਮੱਗਰੀ 'ਮੜ੍ਹ' 'ਚ ਵੰਡੀ

'ਪੰਜਾਬ ਕੇਸਰੀ' ਪੱਤਰ ਸਮੂਹ ਪਿਛਲੇ 26 ਸਾਲਾਂ ਤੋਂ ਦਾਨਵੀਰ ਸੱਜਣਾਂ ਦੇ ਸਹਿਯੋਗ ਨਾਲ ਸਰਹੱਦੀ ਖੇਤਰਾਂ 'ਚ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਲਈ ਯਤਨਸ਼ੀਲ ਹੈ। ਇਸੇ ਲੜੀ ਤਹਿਤ ਲੰਘੇ ਦਿਨੀਂ ਭਾਰਤ-ਪਾਕਿ ਸਰਹੱਦ 'ਤੇ ਸਥਿਤ ਜੰਮੂ-ਕਸ਼ਮੀਰ ਦੇ ਜ਼ਿਲਾ ਜੰਮੂ ਦੇ ਬਲਾਕ/ਤਹਿਸੀਲ ਮੜ੍ਹ 'ਚ ਪੰਚਾਇਤ ਚੁੰਨੂ ਚੱਕ 'ਚ 963ਵਾਂ ਰਾਹਤ ਵੰਡ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਰਾਹਤ ਸਮੱਗਰੀ ਦਾ ਇਕ ਟਰੱਕ ਵੰਡਿਆ ਗਿਆ, ਜੋ ਕਿ ਲੁਧਿਆਣਾ ਦੇ 'ਅਮਿਤ ਇੰਪੈਕਸ' ਦੇ ਮਾਲਕ ਅਮਿਤ ਕੁਮਾਰ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਭੇਟ ਕੀਤਾ ਗਿਆ ਸੀ, ਜਿਸ 'ਚ 225 ਪਰਿਵਾਰਾਂ ਲਈ ਕੱਪੜੇ ਸਨ।

ਤਸਵੀਰ 'ਚ ਸਮੱਗਰੀ ਭੇਟ ਕਰਦੇ ਹੋਏ ਭਾਜਪਾ ਸੂਬਾ ਕਾਰਜਕਾਰਨੀ ਮੈਂਬਰ ਵਿਕਾਸ ਚੌਧਰੀ, ਸਾਬਕਾ ਡੀ. ਡੀ. ਸੀ. ਮੜ੍ਹ ਬਲਬੀਰ ਲਾਲ, ਵਰਿੰਦਰ ਸ਼ਰਮਾ, ਇਕਬਾਲ ਸਿੰਘ ਅਰਨੇਜਾ, ਸਰਬਦੀਪ ਕੌਰ ਅਰਨੇਜਾ, ਡਿੰਪਲ ਸੂਰੀ, ਭਾਜਪਾ ਜ਼ਿਲਾ ਬੁਲਾਰਾ ਦੀਪਕ ਪਾਂਡੇ, ਸਵਰਨ ਸਿੰਘ ਮਨਹਾਸ, ਰੇਖਾ ਰਾਣੀ, ਲੰਬੜਦਾਰ ਦੀਪ ਸਿੰਘ, ਲੰਬੜਦਾਰ ਬਿੱਟੂ, ਨਾਇਬ ਸਰਪੰਚ ਪਵਨ ਵਰਮਾ, ਸਾਬਕਾ ਪੰਚ ਸ਼ੁਕਰ ਵਰਮਾ, ਸਾਹਿਲ ਸ਼ਰਮਾ, ਪੂਰਨ ਸ਼ਰਮਾ, ਸਾਹਿਲ ਚੌਧਰੀ, ਗਾਰੂ ਸ਼ਰਮਾ, ਬਲਬੀਰ ਸਿੰਘ, ਕੇਹਰ ਸਿੰਘ, ਸਵਰਨ ਸਿੰਘ ਬੱਜੂ ਅਤੇ ਹੋਰ।

ਅੰਮ੍ਰਿਤਸਰ ਏਅਰਪੋਰਟ 'ਤੇ 471 ਗ੍ਰਾਮ ਸੋਨਾ ਬਰਾਮਦ

ਅੰਮ੍ਰਿਤਸਰ, 13 ਅਕਤੂਬਰ (ਨੀਰਜ)-ਸ੍ਰੀ ਗੁਰੂ ਰਾਮਦਾਸ ਜੀ ਇੰਟਰਨੈਸ਼ਨਲ ਏਅਰਪੋਰਟ 'ਤੇ ਕਸਟਮ ਵਿਭਾਗ ਦੀ ਟੀਮ ਨੂੰ ਚਕਮਾ ਦੇ ਕੇ ਫ਼ਰਾਰ ਹੋਣ ਦੀ ਫ਼ਿਰਾਕ 'ਚ ਰਹੇ ਤਿੰਨ ਸਮੱਗਲਰਾਂ ਨੂੰ ਡੀ. ਆਰ. ਆਈ. ਦੀ ਟੀਮ ਨੇ ਏਅਰਪੋਰਟ ਦੀ ਪਾਰਕਿੰਗ ਤੋਂ ਉਸ ਸਮੇਂ ਗ੍ਰਿਫ਼ਤਾਰ ਕਰ ਲਿਆ, ਜਦੋਂ ਸਮੱਗਲਰ ਆਪਣੀ ਕਾਮਯਾਬੀ ਦੀ ਖ਼ੁਸ਼ੀ ਮਨਾ ਰਹੇ ਸਨ ਅਤੇ ਆਪਣੀ ਮੰਜ਼ਿਲ ਵੱਲ ਜਾਣ ਲੱਗੇ ਸਨ। ਜਾਣਕਾਰੀ ਅਨੁਸਾਰ ਇਕ ਸਮੱਗਲਰ ਨੇ ਆਪਣੀ ਗੁਦਾ ਦੇ ਅੰਦਰ ਲੱਗਭਗ 471 ਗ੍ਰਾਮ ਸੋਨੇ ਦਾ ਪੇਸਟ ਛੁਪਾਇਆ ਹੋਇਆ ਸੀ ਅਤੇ ਕਸਟਮ ਵਿਭਾਗ ਨੂੰ ਚਕਮਾ ਦੇ ਕੇ ਏਅਰਪੋਰਟ ਤੋਂ ਬਾਹਰ ਵੀ ਨਿਕਲ ਗਿਆ ਸੀ। ਇਸੇ ਦੌਰਾਨ ਵਿਭਾਗ ਨੇ ਜਾਲ ਵਿਛਾਇਆ ਅਤੇ ਸਮੱਗਲਰ ਦੇ ਦੋ ਹੋਰ ਸਾਥੀ ਜੋ ਸੋਨਾ ਲੈਣ ਲਈ ਆਏ ਹੋਏ ਸਨ, ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਇੰਡੀਅਨ ਓਵਰਸੀਜ਼ ਬੈਂਕ | ਈ-ਨਿਲਾਮੀ ਵਿਕਰੀ ਨੋਟਿਸ

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ (ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ ਦੇ ਰੂਲ-8(6) ਦੀ ਪ੍ਰੋਵਿਜ਼ੋ ਤਹਿਤ)

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਦੀ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਜਨਤਾ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰ (*) ਤੇ ਗਾਰੰਟਰ (*) ਨੂੰ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜ਼ਡ/ਚਾਰਜ਼ਡ ਹੇਠਾਂ ਦੱਸੀ ਅਚੱਲ ਜਾਇਦਾਦ ਦਾ ਰਚਨਾਤਮਕ ਕਬਜ਼ਾ ਇੰਡੀਅਨ ਓਵਰਸੀਜ਼ ਬੈਂਕ (ਸਕਿਓਰਡ ਕ੍ਰੈਡਿਟਰ) ਦੇ ਅਧਿਕਾਰਤ ਅਫਸਰ ਵਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹਰੇਕ ਖਾਤੇ ਸਾਹਮਣੇ ਦੱਸੀ ਰਕਮ (ਕਾਂਟ੍ਰੈਕਟ ਰੇਟਸ 'ਤੇ ਅਗਲੇ ਵਿਆਜ ਸਮੇਤ ਭੁਗਤਾਨਯੋਗ ਅਤੇ ਅਦਾਇਗੀਆਂ ਜੇ ਕੋਈ, ਦੀ ਗਣਨਾ ਤੋਂ ਬਾਅਦ ਅਦਾਇਗੀ ਦੀ ਮਿਤੀ ਤਕ ਲਾਗਤਾਂ, ਚਾਰਜਿਜ਼ ਆਦਿ ਸਮੇਤ) ਜੋ ਹੇਠਾਂ ਦੱਸੇ ਕਰਜ਼ਦਾਰ ਵੱਲੋਂ ਇੰਡੀਅਨ ਓਵਰਸੀਜ਼ ਬੈਂਕ, ਸਕਿਓਰਡ ਕ੍ਰੈਡਿਟਰ ਨੂੰ ਭੁਗਤਾਨਯੋਗ ਹੈ, ਦੀ ਵਸੂਲੀ ਲਈ 30.10.2026 ਨੂੰ ਕਰ ਦਿੱਤੀ ਜਾਵੇਗੀ।

ਪਤੇ ਸਮੇਤ ਬ੍ਰਾਂਚ ਤੇ ਕਰਜ਼ਦਾਰ ਦਾ ਨਾਂ	ਅਚੱਲ ਜਾਇਦਾਦਾਂ ਦਾ ਵੇਰਵਾ	ਕਬਜ਼ੇ ਦੀ ਸਥਿਤੀ	ਈ-ਨਿਲਾਮੀ ਦੀ ਮਿਤੀ ਤੇ ਸਮਾਂ 10 ਮਿੰਟ ਦੇ ਆਟੋ ਐਕਸਟੈਂਸ਼ਨ ਸਮੇਤ ਜਦੋਂ ਤਕ ਵਿਕਰੀ ਮੁਕੰਮਲ ਨਹੀਂ ਹੁੰਦੀ	ਡਿਮਾਂਡ ਨੋਟਿਸ ਦੀ ਮਿਤੀ ਬਕਾਇਆ ਰਕਮ (ਸਕਿਓਰਡ ਡੇਬਟ)	(1) ਰਾਖਵੀਂ ਕੀਮਤ (ਰੁ.) (2) ਈ. ਐੱਮ. ਡੀ. (ਰੁ.) (3) ਵਧੀ ਹੋਈ ਬੋਲੀ ਰਕਮ (ਰੁ.)	ਜਾਇਦਾਦ ਸਬੰਧੀ ਵਧੇਰੇ ਜਾਣਕਾਰੀ ਲਈ ਇੱਥੇ ਸਕੈਨ ਕਰੋ
ਬ੍ਰਾਂਚ : ਕਿੱਕਰ ਬਾਜ਼ਾਰ, ਬਠਿੰਡਾ ਕਰਜ਼ਦਾਰ/ਮਾਰਟਗੇਜਰ : ਸੁਦੇਸ਼ ਕੁਮਾਰ ਉਰਫ ਸੁਦੇਸ਼ ਸ਼ਾਹ ਪੁੱਤਰ ਭੋਲਾ ਸ਼ਾਹ, ਵਾਸੀ : 30839, ਗਲੀ ਨੰ. 18, ਜੋਗੀ ਨਗਰ, ਬਠਿੰਡਾ-151001 ਅਤੇ ਗਾਰੰਟਰ : ਗੋਪਾਲ ਰਾਏ ਪੁੱਤਰ ਸਵ. ਰਾਮ ਚੰਦਰ ਰਾਏ, ਵਾਸੀ : 30839, ਗਲੀ ਨੰ. 14, ਜੋਗੀ ਨਗਰ, ਬਠਿੰਡਾ-151001.	200 ਵਰਗ ਗਜ਼ ਦੀ ਪੈਮਾਇਸ਼ ਵਾਲਾ ਰਿਹਾਇਸ਼ੀ ਮਕਾਨ, ਜਿਸ ਦਾ ਖੇਵਟ ਨੰ. 214, ਖਤੌਨੀ ਨੰ. 1775 ਤੋਂ 1865 (ਜਮ੍ਹਾਂਬੰਦੀ 2012-13 ਅਨੁਸਾਰ) ਹੈ। ਇਹ ਜਾਇਦਾਦ ਪੱਤੀ ਝੁੱਟੀ, ਗਲੀ ਨੰ. 0, ਹੰਸ ਨਗਰ, ਬਠਿੰਡਾ-151001 ਦੀਆਂ ਮਾਲੀਆ ਹੱਦਾਂ 'ਚ ਸਥਿਤ ਹੈ ਅਤੇ ਸਬ-ਰਜਿਸਟ੍ਰਾਰ ਬਠਿੰਡਾ ਕੋਲ ਵਿਕਰੀ ਡੀਡ ਨੰ. 2022-23/23/1/11439 ਮਿਤੀ 23.12.2022 ਰਾਹੀਂ ਰਜਿਸਟਰਡ ਹੈ। ਵਿਸਤਾਰ ਤੇ ਪੈਮਾਇਸ਼ : ਪਲਾਟ ਦਾ ਰਕਬਾ 200 ਵਰਗ ਗਜ਼ ਹੈ। ਪੂਰਬ : 74'-0" ਖਾਲੀ ਪਲਾਟ ਦੇ ਨਾਲ, ਪੱਛਮ : 70'-0" ਖਾਲੀ ਪਲਾਟ ਦੇ ਨਾਲ, ਉੱਤਰ : 25'-0" ਫੁੱਟ ਖਾਲ ਦੇ ਨਾਲ, ਦੱਖਣ : 25'-0" ਸੜਕ 20 ਫੁੱਟ ਚੌੜੀ ਦੇ ਨਾਲ, ਮਾਲਕੀ : ਸੁਦੇਸ਼ ਕੁਮਾਰ ਪੁੱਤਰ ਭੋਲਾ ਸਿੰਘ।	ਸੰਕੇਤਕ	30.10.2026 ਸਵੇਰੇ 11 ਵਜੇ ਤੋਂ ਸ਼ਾਮ 5 ਵਜੇ	ਮਿਤੀ : 24.10.2025 ਰੁਪਏ 29,65,449/- ਮਿਤੀ 30.09.2026 ਨੂੰ ਜਮ੍ਹਾ ਡੈਬਿਟ ਨਾ ਹੋਇਆ ਵਿਆਜ ਆਦਿ।	(1) Rs 25,33,000 (2) Rs 2,53,300 (3) Rs 25,000	

ਈ. ਐੱਮ. ਡੀ. ਸਮੇਤ ਬੋਲੀ ਲਈ ਆਨਲਾਈਨ ਅਰਜ਼ੀ ਭੇਜਣ ਦੀ ਅੰਤਿਮ ਮਿਤੀ 29.10.2026 ਸ਼ਾਮ 5 ਵਜੇ ਤਕ ਹੈ।

ਈ-ਨਿਲਾਮੀ ਦੇ ਨਿਯਮ ਤੇ ਸ਼ਰਤਾਂ :

1. ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਵਿਚ ਨਿਰਧਾਰਤ ਨਿਯਮਾਂ ਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਅਨੁਸਾਰ ਹੋਵੇਗੀ— (1) ਨਿਲਾਮੀ ਵਿਕਰੀ ਈ-ਨਿਲਾਮੀ ਪੋਰਟਲ {hyperlink "https://baanknet.com"} ਰਾਹੀਂ ਆਨਲਾਈਨ ਕਰਵਾਈ ਜਾਵੇਗੀ। (2) ਹਿੱਤਬੱਧ ਬੋਲੀਦਾਤਿਆਂ/ਖਰੀਦਦਾਰਾਂ ਨੂੰ ਬੇਨਤੀ ਹੈ ਕਿ ਉਹ ਪੋਰਟਲ {hyperlink "https://baanknet.com"} 'ਤੇ ਆਪਣੇ ਮੋਬਾਈਲ ਨੰਬਰ ਤੇ ਈ-ਮੇਲ ਆਈ. ਡੀ. ਦੀ ਵਰਤੋਂ ਕਰ ਕੇ ਰਜਿਸਟਰਡ ਹੋਣ। ਉਨ੍ਹਾਂ ਨੂੰ ਅੱਗੇ ਬੇਨਤੀ ਹੈ ਕਿ ਜ਼ਰੂਰੀ ਕੇ. ਵਾਈ. ਸੀ. ਦਸਤਾਵੇਜ਼ ਅਪਲੋਡ ਕਰਨ। ਇਕ ਵਾਰ ਕੇ. ਵਾਈ. ਸੀ. ਦਸਤਾਵੇਜ਼ਾਂ ਦੀ ਈ-ਨਿਲਾਮੀ ਸੇਵਾ ਪ੍ਰਦਾਤਾ ਵਲੋਂ ਜਾਂਚ ਕਰ ਲਈ ਜਾਂਦੀ ਹੈ (ਇਸ ਨੂੰ 2 ਕੰਮ ਵਾਲੇ ਦਿਨ ਲੱਗ ਸਕਦੇ ਹਨ) ਤਾਂ ਹਿੱਤਬੱਧ ਬੋਲੀਦਾਤਿਆਂ/ਖਰੀਦਦਾਰਾਂ ਨੂੰ ਈ. ਐੱਮ. ਡੀ. ਦੀ ਰਕਮ ਪੋਰਟਲ 'ਚ ਈ-ਨਿਲਾਮੀ ਦੀ ਮਿਤੀ ਤੇ ਸਮੇਂ ਤੋਂ ਪਹਿਲਾਂ ਆਨਲਾਈਨ ਢੰਗ ਨਾਲ ਆਪਣੀ ਗਲੋਬਲ ਈ. ਐੱਮ. ਡੀ. ਵਾਲੇਟ ਵਿਚ 29.10.2026 ਤਕ ਟਰਾਂਸਫਰ ਕਰਨੀ ਹੋਵੇਗੀ। ਹਿੱਤਬੱਧ ਬੋਲੀਦਾਤਿਆਂ ਕੋਲ ਇਕ ਵੈਲਿਡ ਈ-ਮੇਲ ਪਤਾ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਉੱਪਰ ਦੱਸੇ ਸੇਵਾ ਪ੍ਰਦਾਤਾ ਦੀ ਵੈੱਬਸਾਈਟ 'ਤੇ ਲਾਗਇਨ ਕਰ ਕੇ ਆਪਣਾ ਨਾਂ/ਖਾਤਾ ਰਜਿਸਟਰ ਕਰਨਾ ਹੋਵੇਗਾ। (3) ਉੱਪਰ ਦੱਸੇ ਅਨੁਸਾਰ ਰਕਮ ਬਿਆਨਾ ਜਮ੍ਹਾ (ਈ. ਐੱਮ. ਡੀ.) ਰਕਮ {hyperlink "https://baanknet.com"} ਤੋਂ ਚਲਾਨ ਜਨਰੇਟ ਕਰ ਕੇ ਐੱਨ. ਈ. ਐੱਫ. ਟੀ./ਆਰ. ਟੀ. ਜੀ. ਐੱਸ. ਰਾਹੀਂ ਬੋਲੀਦਾਤੇ ਦੇ ਗਲੋਬਲ ਈ. ਐੱਮ. ਡੀ. ਵਾਲੇਟ ਵਿਚ ਆਨਲਾਈਨ ਜਮ੍ਹਾ ਕਰਵਾਉਣੀ ਹੋਵੇਗੀ। ਐੱਨ. ਈ. ਐੱਫ. ਟੀ./ਆਰ. ਟੀ. ਜੀ. ਐੱਸ. ਦੀ ਟਰਾਂਸਫਰ ਕਿਸੇ ਵੀ ਸੂਚੀਦਰਜ ਕਮਰਸ਼ੀਅਲ ਬੈਂਕ ਰਾਹੀਂ ਕੀਤੀ ਜਾ ਸਕਦੀ ਹੈ। ਕਿਸੇ ਹੋਰ ਤਰੀਕੇ ਭਾਵ ਚੈੱਕ ਆਦਿ ਰਾਹੀਂ ਈ. ਐੱਮ. ਡੀ. ਦਾ ਭੁਗਤਾਨ ਪ੍ਰਵਾਨ ਨਹੀਂ ਕੀਤਾ ਜਾਵੇਗਾ। ਜ਼ਰੂਰੀ ਈ. ਐੱਮ. ਡੀ. ਆਨਲਾਈਨ ਜਮ੍ਹਾ ਨਾ ਕਰਵਾਉਣ ਵਾਲੇ ਬੋਲੀਦਾਤਿਆਂ ਨੂੰ ਈ-ਨਿਲਾਮੀ ਵਿਚ ਹਿੱਸਾ ਲੈਣ ਨਹੀਂ ਦਿੱਤਾ ਜਾਵੇਗਾ। ਰਕਮ ਬਿਆਨਾ ਜਮ੍ਹਾ 'ਤੇ ਕਿਸੇ ਕਿਸਮ ਦਾ ਵਿਆਜ ਨਹੀਂ ਦਿੱਤਾ ਜਾਵੇਗਾ। (4) ਵਿਕਰੀ ਨੋਟਿਸ ਜਿਸ 'ਚ ਵਿਕਰੀ ਦੀਆਂ ਸ਼ਰਤਾਂ ਅਤੇ ਆਮ ਨਿਯਮ ਹਨ, ਹੇਠ ਲਿਖੀਆਂ ਵੈੱਬਸਾਈਟਾਂ/ਵੈੱਬ ਪੇਜ ਪੋਰਟਲ 'ਤੇ ਉਪਲਬਧ/ਪ੍ਰਕਾਸ਼ਿਤ ਹਨ। 1. {hyperlink "https://baanknet.com"}, (2) www.iob.in, (5) ਈ-ਨਿਲਾਮੀ ਦੇ ਇੱਛੁਕ ਹਿੱਸਾ ਲੈਣ ਵਾਲੇ ਵਿਕਰੀ ਨੋਟਿਸ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਈ-ਨਿਲਾਮੀ ਦੇ ਆਪ੍ਰੇਸ਼ਨਲ ਹਿੱਸੇ ਦਾ ਹੈਲਪ ਮੈਨੂਅਲ ਜੋ ਇਸ ਈ-ਨਿਲਾਮੀ ਨਾਲ ਸਬੰਧਤ ਹਨ, ਨੂੰ BAANKNET ਦੇ ਪੋਰਟਲ {hyperlink "https://baanknet.com"} ਤੋਂ ਇਸ ਦੀਆਂ ਕਾਪੀਆਂ ਨੂੰ ਡਾਊਨਲੋਡ ਕਰ ਸਕਦੇ ਹਨ। (6) ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਪੋਰਟਲ {hyperlink "https://baanknet.com"} 'ਤੇ ਆਪਣੇ-ਆਪ ਨੂੰ ਰਜਿਸਟਰਡ ਕਰਨ। ਇਸ ਮੰਤਵ ਲਈ ਉਹ ਆਪਣੇ ਮੋਬਾਈਲ ਨੰ. ਅਤੇ ਈ-ਮੇਲ ਆਈ.ਡੀ. ਦੀ ਵਰਤੋਂ ਕਰ ਸਕਦੇ ਹਨ। ਇਸ ਤੋਂ ਬਾਅਦ ਉਹ ਲੋੜੀਂਦੇ ਕੇ. ਵਾਈ. ਸੀ. ਦਸਤਾਵੇਜ਼ਾਂ ਨੂੰ ਅਪਲੋਡ ਕਰ ਸਕਣਗੇ। ਇਕ ਵਾਰ ਕੇ.ਵਾਈ.ਸੀ. ਦਸਤਾਵੇਜ਼ਾਂ ਦੀ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਵਲੋਂ ਪੁਸ਼ਟੀ ਹੋ ਜਾਣ 'ਤੇ ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਈ. ਐੱਮ. ਡੀ. ਦੀ ਰਕਮ ਆਪਣੇ ਆਨਲਾਈਨ ਢੰਗ ਨਾਲ ਗਲੋਬਲ ਐੱਮ. ਈ. ਡੀ. ਵਾਲੇਟ 'ਚ ਜਮ੍ਹਾ ਕਰਵਾਉਣੀ ਹੋਵੇਗੀ। (ਇਸ ਨੂੰ ਦੋ ਕੰਮ ਵਾਲੇ ਦਿਨ ਲੱਗ ਸਕਦੇ ਹਨ) ਇਸ ਵਾਲੇਟ 'ਚ ਢੁੱਕਵੀਂ ਈ. ਐੱਮ. ਡੀ. ਹੋਣ ਤੋਂ ਬਾਅਦ ਹੀ ਇੱਛੁਕ ਬੋਲੀਕਾਰ ਈ-ਨਿਲਾਮੀ ਦੀ ਮਿਤੀ ਵਾਲੇ ਦਿਨ ਬੋਲੀ ਦੇਣ ਦੇ ਯੋਗ ਹੋ ਸਕੇਗਾ। (7) ਇਹ ਹਿੱਤਬੱਧ ਬੋਲੀਦਾਤੇ (ਬੋਲੀਦਾਤਿਆਂ) ਦੀ ਜ਼ਿੰਮੇਵਾਰੀ ਹੈ ਕਿ ਉਹ ਵਿਕਰੀ ਨੋਟਿਸ, ਈ-ਨਿਲਾਮੀ ਦੇ ਨਿਯਮ ਤੇ ਸ਼ਰਤਾਂ, ਈ-ਨਿਲਾਮੀ ਦਾ ਹੈਲਪ ਮੈਨੂਅਲ ਚੰਗੀ ਤਰ੍ਹਾਂ ਪੜ੍ਹ ਲੈਣ ਅਤੇ ਸਹੀ ਢੰਗ ਨਾਲ ਪਾਲਣਾ ਕਰਨ। ਕਿਸੇ ਵੀ ਤਰ੍ਹਾਂ ਦੀ ਸਮੱਸਿਆ ਜਾਂ ਸਹਾਇਤਾ ਦੀ ਲੋੜ ਲਈ ਈ-ਨਿਲਾਮੀ ਪ੍ਰਕਿਰਿਆ ਤੋਂ ਪਹਿਲਾਂ ਜਾਂ ਇਸ ਦੌਰਾਨ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ {hyperlink "https://baanknet.com"} ਦੇ ਅਧਿਕਾਰਤ ਨੁਮਾਇੰਦੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਦੇ ਵੇਰਵੇ ਈ-ਨਿਲਾਮੀ ਪੋਰਟਲ 'ਤੇ ਮੁਹੱਈਆ ਹਨ। (8) ਸਕਿਓਰਡ ਅਸਾਸਿਆਂ ਨੂੰ ਰਾਖਵੀਂ ਕੀਮਤ ਤੋਂ ਘੱਟ 'ਤੇ ਨਹੀਂ ਵੇਚਿਆ ਜਾਵੇਗਾ। (9) ਸਫਲ ਬੋਲੀਦਾਤੇ ਨੂੰ ਬੋਲੀ ਦੀ ਰਕਮ ਦਾ 25% (ਪੱਚੀ ਫੀਸਦੀ) ਮਨਫੀ ਜਮ੍ਹਾ ਕਰਵਾਈ ਹੋਈ ਈ. ਐੱਮ. ਡੀ. ਰਕਮ ਨੂੰ ਜਮ੍ਹਾ ਕਰਵਾਉਣਾ ਹੋਵੇਗਾ। ਇਹ ਰਕਮ ਉਸੇ ਦਿਨ ਜਾਂ ਅਗਲੇ ਕੰਮ ਵਾਲੇ ਦਿਨ ਤਕ ਜਮ੍ਹਾ ਕਰਵਾਈ ਜਾਣੀ ਚਾਹੀਦੀ ਹੈ ਅਤੇ ਬਕਾਇਆ 75% ਨਿਲਾਮੀ ਦੀ ਮਿਤੀ ਦੇ 15 ਦਿਨਾਂ ਅੰਦਰ ਬੈਂਕਰਜ਼ ਚੈੱਕ/ਡਿਮਾਂਡ ਡਰਾਫਟ ਦੇ ਰੂਪ 'ਚ ਜਮ੍ਹਾ ਕਰਵਾਈ ਜਾਏ। ਇਸ ਨੂੰ ਕਿਸੇ ਸੂਚੀਦਰਜ ਬੈਂਕ ਵਲੋਂ ਜਾਰੀ ਕੀਤਾ ਗਿਆ ਹੋਣਾ ਚਾਹੀਦਾ ਹੈ। ਇਹ ਇੰਡੀਅਨ ਓਵਰਸੀਜ਼ ਬੈਂਕ, ਖਾਤਾ ਨੰ. (ਖਾਤੇਦਾਰ ਦਾ ਨਾਂ) ਦੇ ਹੱਕ 'ਚ ਲੁਧਿਆਣਾ ਵਿਖੇ ਭੁਗਤਾਨਯੋਗ ਹੋਣੀ ਚਾਹੀਦੀ ਹੈ ਜਾਂ ਇਸ ਨੂੰ ਐੱਨ. ਈ. ਐੱਫ. ਟੀ./ਆਰ. ਟੀ. ਜੀ. ਐੱਸ. ਦੇ ਰੂਪ 'ਚ ਜਮ੍ਹਾ ਕਰਵਾਇਆ ਜਾਏ। ਉੱਪਰ ਦੱਸੀ ਰਕਮ ਨੂੰ ਮਿੱਥੇ ਸਮੇਂ ਅੰਦਰ ਜਮ੍ਹਾ ਕਰਵਾਉਣ 'ਚ ਨਾਕਾਮ ਰਹਿਣ 'ਤੇ ਸਫਲ ਬੋਲੀਕਾਰ ਵਲੋਂ ਜਮ੍ਹਾ ਕਰਵਾਈ ਹੋਈ ਰਕਮ ਨੂੰ ਬੈਂਕ ਵਲੋਂ ਜ਼ਬਤ ਕਰ ਲਿਆ ਜਾਏਗਾ ਅਤੇ ਅਧਿਕਾਰਤ ਅਧਿਕਾਰੀ ਕੋਲ ਇਹ ਅਧਿਕਾਰ ਹੋਵੇਗਾ ਕਿ ਉਹ ਜਾਇਦਾਦ ਦੀ ਤਾਜ਼ਾ ਨਿਲਾਮੀ/ਵਿਕਰੀ ਕਰ ਸਕਦਾ ਹੈ। ਡਿਫਾਲਟਰ ਬੋਲੀਕਾਰ ਆਪਣੀ ਜਮ੍ਹਾ ਕਰਵਾਈ ਹੋਈ ਰਕਮ ਅਤੇ ਜਾਇਦਾਦ 'ਤੇ ਕਿਸੇ ਤਰ੍ਹਾਂ ਦਾ ਦਾਅਵਾ ਨਹੀਂ ਕਰ ਸਕੇਗਾ। (10) ਸਫਲ ਬੋਲੀਦਾਤੇ ਵਲੋਂ ਬੈਂਕ ਨੂੰ ਵਿਕਰੀ ਰਕਮ ਦੇ ਭੁਗਤਾਨ 'ਤੇ ਇਨਕਮ ਟੈਕਸ ਐਕਟ-1961 ਦੀ ਧਾਰਾ-194-1ਏ ਤਹਿਤ ਟੀ. ਡੀ. ਐੱਸ. ਲੱਗੇਗਾ। ਸਫਲ ਬੋਲੀਕਾਰ ਨੂੰ ਰਿਜ਼ਰਵ ਕੀਮਤ ਦਾ 1 ਫੀਸਦੀ ਟੀ. ਡੀ. ਐੱਸ. ਦੇਣਾ ਹੋਵੇਗਾ। ਇਸ ਦੀ ਕਟੌਤੀ ਕੀਤੀ ਜਾਵੇਗੀ ਅਤੇ ਖਰੀਦਦਾਰ ਦੇ ਪੈਨ ਨੰ. ਅਧੀਨ ਇਸ ਦਾ ਭੁਗਤਾਨ ਹੋਵੇਗਾ। ਬੋਲੀਕਾਰ ਨੂੰ ਬੋਲੀ ਦੀ ਮਲਟੀਪਲਾਇਰ ਰਕਮ ਦਾ 1 ਫੀਸਦੀ ਇਨਕਮ ਟੈਕਸ ਦੇਣਾ ਹੋਵੇਗਾ ਅਤੇ ਬੈਂਕ ਇਸ ਲਈ ਕੋਈ ਜ਼ਿੰਮੇਵਾਰੀ ਨਹੀਂ ਲਏਗਾ। (11) ਉੱਪਰ ਦੱਸੇ ਅਨੁਸਾਰ ਵਿਧਾਨਿਕ ਬਕਾਇਆਂ ਦੇ ਸਬੰਧ 'ਚ ਬੈਂਕ ਦੇ ਬਕਾਇਆਂ ਨੂੰ ਵਿਧਾਨਕ ਬਕਾਇਆਂ 'ਤੇ ਤਰਜੀਹ ਦਿੱਤੀ ਜਾਵੇਗੀ। ਬਿਨਾਂ ਕਿਸੇ ਪੱਖਪਾਤ ਤੋਂ, ਵਿਧਾਨਕ ਦੇਣਦਾਰੀ ਜੇ ਕੋਈ ਹੋਵੇ ਤਾਂ ਉਸ ਨੂੰ ਖਰੀਦਦਾਰ ਵਲੋਂ ਸਹਿਣ ਕਰਨਾ ਹੋਵੇਗਾ ਅਤੇ ਬੈਂਕ ਇਸ ਸੰਬੰਧੀ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ। (12) ਵਿਕਰੀ ਬਾਰੇ ਸਕਿਓਰਡ ਕ੍ਰੈਡਿਟਰ ਬੈਂਕ ਦੀ ਪੁਸ਼ਟੀ ਹੋਣੀ ਜ਼ਰੂਰੀ ਹੈ। (13) ਅਧਿਕਾਰਤ ਅਧਿਕਾਰੀ ਨੂੰ ਪੂਰਨ ਅਧਿਕਾਰ ਹੈ ਕਿ ਉਹ ਬਿਨਾਂ ਕਾਰਨ ਦੱਸੇ ਕਿਸੇ ਵੀ ਬੋਲੀ ਨੂੰ ਮਨਜ਼ੂਰ ਜਾਂ ਰੱਦ ਜਾਂ ਵਿਕਰੀ ਨੂੰ ਮੁਲਤਵੀ ਜਾਂ ਰੱਦ ਕਰ ਸਕਦਾ ਹੈ, ਭਾਵੇਂ ਕਿਸੇ ਵੀ ਤਰ੍ਹਾਂ ਦੀ ਸਥਿਤੀ ਹੋਵੇ।

ਇਹ ਪ੍ਰਕਾਸ਼ਨ ਸਰਫੇਸੀ ਐਕਟ 2002 ਦੇ ਰੂਲ 8(6) ਅਧੀਨ ਉਪਰੋਕਤ ਕਰਜ਼ਿਆਂ ਦੇ ਕਰਜ਼ਦਾਰ (*)/ਮਾਰਟਗੇਜਰ (*)/ਗਾਰੰਟਰ (*) ਨੂੰ ਆਮ ਜਨਤਾ ਕੋਲੋਂ ਟੈਂਡਰਾਂ ਦਾ ਸੱਦਾ ਦੇ ਕੇ ਈ-ਨਿਲਾਮੀ ਦਾ ਆਯੋਜਨ ਕਰਨ ਦਾ 15 ਦਿਨਾ ਨੋਟਿਸ ਵੀ ਹੈ। ਸਕਿਓਰਡ ਅਸਾਸਿਆਂ ਦੀ ਵਿਕਰੀ ਅਤੇ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ ਸਾਡੇ ਵੈੱਬ ਪੋਰਟਲ www.iob.in ਤੇ {https://baanknet.com} 'ਤੇ ਵਿਜ਼ਿਟ ਕਰੋ।

ਮਿਤੀ : 14.10.2026

ਅਧਿਕਾਰਤ ਅਫਸਰ : ਇੰਡੀਅਨ ਓਵਰਸੀਜ਼ ਬੈਂਕ

Notice inviting Bids

The Punjab Waqf Board intends to lease out its following properties as per the UMEED [Waqf] Act, 1995 and the Rules framed there under, as amended from time to time, through bids to be held on 19.10.2026 at 09:00 A.M. in the Office of the Estate Officer, Punjab Waqf Board, 166, Punjabi Bagh, Patiala, 147001:

1. The Waqf property measuring 2750 sq yds comprised in Khasra No 936 situated at Alipur Araian, Patiala for residential purpose for 35 months with reserve price of Rs. 9.16 per sq yd per month.

The interested person may reach the Office of the Estate officer, PWB, Patiala on dated 19.10.2026. The remaining terms and conditions will be explained on the spot. All rights will be reserved with the Estate Officer for cancellation of the bid.

Sd/- Estate Officer, Punjab Waqf Board , Patiala

---

pnb punjab national bank
...Together for the better

ਐਸੇਟਸ ਰਿਕਵਰੀ ਮੈਨੇਜਮੈਂਟ ਬ੍ਰਾਂਚ,ਲੁਧਿਆਣਾ
ਸਾਈਟ ਨੰ. 5, ਨੇੜੇ ਵੇਵ ਮਾਲ, ਫਿਰੋਜ਼ਪੁਰ ਰੋਡ, ਲੁਧਿਆਣਾ,
ਈ-ਮੇਲ : cs4540@pnb.bank.in
ਫੋਨ. : 0161-2888181,2888182

ਈ-ਨਿਲਾਮੀ ਵਿਕਰੀ ਨੋਟਿਸ

ਚੱਲ/ਅਚੱਲ ਜਾਇਦਾਦ (*) ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਪਬਲਿਕ ਨੋਟਿਸ
ਸਾਰਫਾਇਸੀ ਐਕਟ 2002 ਦੇ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਰੂਲ-6 ਤੇ 9 ਨਾਲ ਪੜ੍ਹੇ ਜਾਂਦੇ ਰੂਲ-9(1) ਤੇ 8(6) ਤਹਿਤ ਆਮ ਜਨਤਾ ਨੂੰ 15/30 ਦਿਨਾ ਕਾਨੂੰਨੀ ਵਿਕਰੀ ਨੋਟਿਸ

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਐਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਤੇ 9(1) ਦੇ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਜਨਤਾ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰ (*) ਤੇ ਗਾਰੰਟਰ (*) ਨੂੰ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਵਰਣਿਤ ਚੱਲ/ਅਚੱਲ ਜਾਇਦਾਦ ਦਾ ਰਚਨਾਤਮਕ/ਦਸਤੀ/ਸੰਕੇਤਕ ਕਬਜ਼ਾ ਬੈਂਕ ਦੇ ਅਧਿਕਾਰਤ ਅਧਿਕਾਰੀ/ਸਕਿਓਰਡ ਕ੍ਰੈਡਿਟਰ ਵਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਵਰਣਿਤ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (*) ਤੇ ਗਾਰੰਟਰ (*) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਜਮ੍ਹਾ ਦਾ ਵੇਰਵਾ ਹੇਠਾਂ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦਿੱਤਾ ਜਾਵੇਗਾ।

ਵਿਕਰੀ ਵੈੱਬਸਾਈਟ : https://BAANKNET.com 'ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ 03.11.2026 ਨੂੰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਕੀਤੀ ਜਾਵੇਗੀ।

ਜਾਇਦਾਦਾਂ ਦੀ ਜਾਂਚ ਦੀ ਮਿਤੀ 14.10.2026 ਤੋਂ 02.11.2026 ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ।

ਪੋਰਟਲ : https://BAANKNET.com 'ਤੇ ਈ.ਐੱਮ. ਡੀ. ਦੀ ਪੇਸ਼ਕਾਰੀ ਅਤੇ ਦਸਤਾਵੇਜ਼ਾਂ ਦੀ ਆਨਲਾਈਨ ਜਾਂਚ ਨਿਲਾਮੀ ਦੀ ਮਿਤੀ ਨੂੰ ਜਾਂ ਪਹਿਲਾਂ ਜ਼ਰੂਰ ਹੋ ਜਾਣੀ ਚਾਹੀਦੀ ਹੈ।

ਐੱਮ/ਐੱਸ ਪੀ. ਐੱਸ.ਬੀ ਅਲਾਇੰਸ ਪ੍ਰਾ.ਲਿਮ. ਮੁੰਬਈ, ਪੋਰਟਲ ਹੈਲਪਡੈਸਕ ਨੰ. +91 8291220220 ਈ-ਮੇਲ ਆਈ. ਡੀ. : support.BAANKNET@psballiance.com, ਉਪਲਬਧਤਾ : ਨਿਲਾਮੀ ਦੀ ਪ੍ਰਕਿਰਿਆ, ਰਜਿਸਟ੍ਰੇਸ਼ਨ ਸਟੇਟਸ, ਤਕਨੀਕੀ ਸਹਾਇਤਾ ਆਦਿ ਲਈ ਮਾਰਗਦਰਸ਼ਨ ਸਾਰੇ ਕੰਮ ਵਾਲੇ ਦਿਨਾਂ ਨੂੰ ਸਵੇਰੇ 9 ਤੋਂ ਸ਼ਾਮ 5 ਵਜੇ ਤਕ।

ਸਕਿਓਰਡ ਅਸਾਸਿਆਂ ਦਾ ਸ਼ਡਿਊਲ

ਲੜੀ ਨੰ.	ਜਾਇਦਾਦ (*) ਦੀ ਆਈ. ਡੀ.	ਡੀਲਿੰਗ ਅਧਿਕਾਰੀ ਦਾ ਨਾਂ	ਸੰਪਰਕ ਨੰ.	ਅਕਾਊਂਟ ਦਾ ਨਾਂ ਅਤੇ ਪਤਾ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (*) ਦੇ ਮਾਰਟਗੇਜਰ)	ਸਰਫਾਇਸੀ ਐਕਟ 2002 ਦੇ ਸੈਕਸ਼ਨ 13(2) ਅਧੀਨ ਡਿਮਾਂਡ ਨੋਟਿਸ ਦੀ ਮਿਤੀ	ਬਕਾਇਆ ਰਕਮ ਜਿਵੇਂ ਹੈ	ਸਰਫਾਇਸੀ ਐਕਟ 2002 ਦੇ ਸੈਕਸ਼ਨ 13(4) ਅਧੀਨ ਕਬਜ਼ੇ ਦੀ ਮਿਤੀ	ਕਬਜ਼ੇ ਦੀ ਕਿਸਮ	ਰਾਖਵੀਂ ਕੀਮਤ	ਈ.ਐੱਮ.ਡੀ.	ਬੋਲੀ ਵਾਧਾ ਰਾਸ਼ੀ	ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ
1.	PUNB45400010152	ਸੁਖਜੀਤ ਸਿੰਘ	84279 - 79800	ਮੈਸਰਜ਼ ਪਸ਼ੂਪਤੀਨਾਥ ਇੰਟਰਨੈਸ਼ਨਲ, ਪਤਾ: ਪ੍ਰਾਪਰਟੀ ਨੰਬਰ B-XXIII-2904, ਯਸ਼ ਰਾਜ ਟਾਵਰ, ਭਾਰਤ ਪੈਟਰੋਲੀਅਮ ਦੇ ਸਾਹਮਣੇ ਤਿਰਛਾ, ਲਿੰਕ ਰੋਡ ਨੇੜੇ ਸਮਰਾਲਾ ਚੌਕ, ਤਹਿਸੀਲ ਅਤੇ ਜ਼ਿਲਾ ਲੁਧਿਆਣਾ-ਪੰਜਾਬ-141008, ਰਾਹੀਂ ਇਸ ਦੇ ਮਾਲਕ ਸ਼੍ਰੀ ਰੋਹਿਤ ਗੋਇਲ ਪੁੱਤਰ ਸ਼੍ਰੀ ਯਸ਼ ਰਾਜ ਗੋਇਲ ਅਤੇ ਗਾਰੰਟਰ/ਮਾਲਕ, ਰੋਹਿਤ ਗੋਇਲ ਪੁੱਤਰ ਸ਼੍ਰੀ ਯਸ਼ ਰਾਜ ਗੋਇਲ ਰਾਹੀਂ, ਗਾਰੰਟਰ ਸ਼੍ਰੀ ਯਸ਼ ਰਾਜ ਗੋਇਲ ਪੁੱਤਰ ਸ਼੍ਰੀ ਰਾਮ ਜੀ ਦਾਸ ਗੋਇਲ, ਦੋਵੇਂ ਨਿਵਾਸੀ 19-ਬੀ, ਰਾਜਗੁਰੂ ਨਗਰ ਐਕਸਟੈਂਸ਼ਨ, ਲੁਧਿਆਣਾ।	ਵਪਾਰਕ ਜ਼ਮੀਨ ਅਤੇ ਇਮਾਰਤ ਦਾ ਉਹ ਸਾਰਾ ਹਿੱਸਾ ਜਿਸ ਦੀ ਕੁੱਲ ਮਿਣਤੀ 600 ਵਰਗ ਗਜ਼ ਹੈ, ਜੋ ਕਿ 2904, ਯਸ਼ਰਾਜ ਟਾਵਰ, ਲਿੰਕ ਰੋਡ, ਲੁਧਿਆਣਾ ਵਿਖੇ ਸਥਿਤ ਹੈ। (1) 225 ਵਰਗ ਗਜ਼ ਦੀ ਜਾਇਦਾਦ/ਪਲਾਟ ਜਿਸ ਦਾ ਖਸਰਾ ਨੰਬਰ 10//9, 10//10/1 ਹੈ, ਦੀ ਜਮ੍ਹਾਂਬੰਦੀ 1998-99 ਅਨੁਸਾਰ ਹੋਈ ਹੈ। ਇਹ ਪਿੰਡ ਸ਼ੇਰਪੁਰ ਕਲਾਂ, ਹੱਦਬਸਤ ਨੰਬਰ 176, ਆਬਾਦੀ ਸ਼ੇਰਪੁਰ ਕਲਾਂ, ਲੁਧਿਆਣਾ 'ਚ ਸਥਿਤ ਹੈ। ਇਹ ਸ਼੍ਰੀ ਰੋਹਿਤ ਗੋਇਲ ਪੁੱਤਰ ਸ਼੍ਰੀ ਯਸ਼ਰਾਜ ਗੋਇਲ ਅਤੇ ਸ਼੍ਰੀ ਯਸ਼ਰਾਜ ਗੋਇਲ ਪੁੱਤਰ ਸ਼੍ਰੀ ਰਾਮਜੀ ਦਾਸ ਗੋਇਲ ਦੇ ਨਾਂ 'ਤੇ ਰਜਿਸਟਰਡ ਹੈ। ਇਸ ਦੀ ਵਿਕਰੀ ਡੀਡ 'ਤੇ ਵਸੀਕਾ ਨੰਬਰ 9859 ਮਿਤੀ 13.10.2003 ਰਾਹੀਂ ਸਬ-ਰਜਿਸਟਰਾਰ ਲੁਧਿਆਣਾ ਈਸਟ ਕੋਲ ਰਜਿਸਟਰਡ ਹੈ। (2) 225 ਵਰਗ ਗਜ਼ ਦੀ ਜਾਇਦਾਦ/ਪਲਾਟ, ਜਿਸ ਦਾ ਖਸਰਾ ਨੰਬਰ 17//13/2/5, 13/2/4 ਹੈ। ਦੀ ਜਮ੍ਹਾਂਬੰਦੀ 2003-04 ਅਨੁਸਾਰ ਹੋਈ ਹੈ। ਇਹ ਪਿੰਡ ਸ਼ੇਰਪੁਰ ਕਲਾਂ, ਹੱਦਬਸਤ ਨੰਬਰ 176, ਆਬਾਦੀ ਸ਼ੇਰਪੁਰ ਕਲਾਂ, ਲੁਧਿਆਣਾ 'ਚ ਸਥਿਤ ਹੈ। ਇਹ ਸ਼੍ਰੀ ਰੋਹਿਤ ਗੋਇਲ ਪੁੱਤਰ ਸ਼੍ਰੀ ਯਸ਼ਰਾਜ ਗੋਇਲ ਅਤੇ ਸ਼੍ਰੀ ਯਸ਼ਰਾਜ ਗੋਇਲ ਪੁੱਤਰ ਸ਼੍ਰੀ ਰਾਮਜੀ ਦਾਸ ਗੋਇਲ ਦੇ ਨਾਂ 'ਤੇ ਰਜਿਸਟਰਡ ਹੈ ਇਸ ਦੀ ਵਿਕਰੀ ਡੀਡ 'ਤੇ ਵਸੀਕਾ ਨੰਬਰ 6678 ਮਿਤੀ 30.06.2006 ਹੈ ਜੋ ਸਬ-ਰਜਿਸਟਰਾਰ ਲੁਧਿਆਣਾ ਕੋਲ ਰਜਿਸਟਰਡ ਹੈ। (3) ਨਗਰ ਨਿਗਮ ਨੰਬਰ B-XXIII-2904 ਵਾਲੀ 150 ਵਰਗ ਗਜ਼ ਦੀ ਜਾਇਦਾਦ/ਪਲਾਟ, ਜਿਸ ਦਾ ਖਸਰਾ ਨੰਬਰ 10//10/1, 10//9 ਹੈ, ਦੀ ਜਮ੍ਹਾਂਬੰਦੀ 1998-99 ਅਨੁਸਾਰ ਹੋਈ ਹੈ। ਇਹ ਪਿੰਡ ਸ਼ੇਰਪੁਰ ਕਲਾਂ, ਹੱਦਬਸਤ ਨੰਬਰ 176, ਆਬਾਦੀ ਸ਼ੇਰਪੁਰ ਕਲਾਂ, ਲੁਧਿਆਣਾ 'ਚ ਸਥਿਤ ਹੈ। ਇਹ ਸ਼੍ਰੀ ਯਸ਼ਰਾਜ ਗੋਇਲ ਪੁੱਤਰ ਸ਼੍ਰੀ ਰਾਮਜੀ ਦਾਸ ਗੋਇਲ ਦੇ ਨਾਂ 'ਤੇ ਰਜਿਸਟਰਡ ਹੈ। ਇਸ ਦੀ ਵਿਕਰੀ ਡੀਡ 'ਤੇ ਵਸੀਕਾ ਨੰਬਰ 15455 ਮਿਤੀ 29.01.2004 ਹੈ। ਜੋ ਸਬ-ਰਜਿਸਟਰਾਰ ਲੁਧਿਆਣਾ ਈਸਟ ਕੋਲ ਰਜਿਸਟਰਡ ਹੈ। (ਡਿਸਕਲੇਮਰ: ਟਾਈਟਲ ਡੀਡ ਅਨੁਸਾਰ ਜਾਇਦਾਦ ਦਾ ਕੁੱਲ ਖੇਤਰਫਲ 600 ਵਰਗ ਗਜ਼ ਹੈ, ਜਦਕਿ ਮਾਲ ਰਿਕਾਰਡ ਅਨੁਸਾਰ ਕੁੱਲ ਖੇਤਰਫਲ 513 ਵਰਗ ਗਜ਼ ਹੈ।)	02.02.2019	30.09.2018 ਤੱਕ 6,45,03,048.76 ਰੁਪਏ, ਜਿਸ 'ਚ 30.09.2018 ਤੱਕ ਦਾ ਵਿਆਜ ਸ਼ਾਮਲ ਹੈ, ਅਤੇ 01.10.2018 ਤੋਂ ਅਗਲਾ ਵਿਆਜ ਤੇ ਹੋਰ ਖਰਚੇ, ਮਨਫੀ ਵਸੂਲੀ (ਜੇਕਰ ਕੋਈ ਹੋਵੇ)	24.08.2023	ਦਸਤੀ ਕਬਜ਼ਾ	Rs. 4,10,00,000/-	Rs. 41,00,000/-	Rs. 2,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
2.	Property1 ID- PUNB45400010529	ਸੁਖਜੀਤ ਸਿੰਘ	84279 - 79800	1 ਮੈਸਰਜ਼ ਸੋਹਣ ਸਿੰਘ ਐਂਡ ਕੰਪਨੀ, ਨਿਊ ਗ੍ਰੇਨ ਮਾਰਕੀਟ ਜਗਰਾਓਂ, (2) ਸ. ਦਲਜੀਤ ਸਿੰਘ ਪੁੱਤਰ ਸੋਹਣ ਸਿੰਘ, ਹਾਊਸ ਨੰ. 1757/17 ਏ. ਬੀ., 6 ਆਰ., ਹੀਰਾ ਬਾਗ, ਜਗਰਾਓਂ-142026, 3. ਹਰਪ੍ਰੀਤ ਕੌਰ ਪਤਨੀ ਪਵਨਪ੍ਰੀਤ ਸਿੰਘ, ਵਾਸੀ ਮ. ਨੰ. 1757/17 ਏ.ਬੀ., 6 ਆਰ., ਹੀਰਾ ਬਾਗ, ਜਗਰਾਓਂ -142026. 4. ਸ. ਬਲਪ੍ਰੀਤ ਸਿੰਘ ਪੁੱਤਰ ਸ. ਦਲਜੀਤ ਸਿੰਘ, ਮਕਾਨ ਨੰ. 1757/17 ਏ.ਬੀ. 6ਆਰ. ਹੀਰਾ ਬਾਗ, ਜਗਰਾਓਂ-142026.	ਜਾਇਦਾਦ -1 : (ਏ) ਕਮਰਸ਼ੀਅਲ ਜਾਇਦਾਦ ਬੂਥ ਨੰ. 110 ਪੈਮਾਇਸ਼ 33.75 ਵਰਗ ਗਜ਼, ਵਸੀਕਾ ਨੰ. 3246, ਮਿਤੀ 17.02.2016 ਅਤੇ ਵਸੀਕਾ ਨੰ. 1930, ਮਿਤੀ 12.08.2016, (ਬੀ) ਬੂਥ ਨੰ. 147 ਪੈਮਾਇਸ਼ 33.75 ਵਰਗ ਗਜ਼, ਵਸੀਕਾ ਨੰ. 3244, ਮਿਤੀ 17.02.2016 ਤੇ ਵਸੀਕਾ ਨੰ. 1929 ਮਿਤੀ 12.08.2016 ਅਤੇ (ਸੀ) ਬੂਥ ਨੰ. 148 ਪੈਮਾਇਸ਼ 61 ਵਰਗ ਗਜ਼, ਵਸੀਕਾ ਨੰ. 3245, ਮਿਤੀ 17.02.2016 ਅਤੇ ਵਸੀਕਾ ਨੰ. 1931 ਮਿਤੀ 12.08.2016, ਕੁਲ ਜ਼ਮੀਨ 128.5 ਵਰਗ ਗਜ਼ ਹੈ, ਜੋ ਨਵੀਂ ਅਨਾਜ ਮੰਡੀ, ਨੇੜੇ ਸ਼ੇਰਪੁਰਾ ਰੋਡ, ਜਗਰਾਓਂ, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਬਲਪ੍ਰੀਤ ਸਿੰਘ ਪੁੱਤਰ ਦਲਜੀਤ ਸਿੰਘ ਦੇ ਨਾਂ 'ਤੇ ਹੈ।	28.04.2021	45,01,576.40 ਰੁਪਏ 31.03.2021 ਤੱਕ ਲੱਗੇ ਵਿਆਜ ਸਮੇਤ ਜਮ੍ਹਾ 01.04.2021 ਤੋਂ ਅਗਲਾ ਵਿਆਜ ਤੇ ਹੋਰ ਖਰਚੇ ਮੁਕੰਮਲ ਭੁਗਤਾਨ ਨਾ ਹੋਣ ਤੱਕ ।	01.08.2024	ਦਸਤੀ ਕਬਜ਼ਾ	Rs. 26,00,000/-	Rs. 2,60,000/-	Rs. 50,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
	Property2 ID- PUNB45400010530				ਜਾਇਦਾਦ-2 : ਕਮਰਸ਼ੀਅਲ ਜਾਇਦਾਦ, ਦੁਕਾਨ-ਕਮ-ਫਲੈਟ/ਪਲਾਟ ਨੰ. 26, ਆਕਾਰ 20' × 80' ਪੈਮਾਇਸ਼ 177.77 ਵਰਗ ਗਜ਼ ਜਾਂ 5 ਮਰਲੇ, 7 ਸਰਸਾਈ ਵਸੀਕਾ ਨੰ. 5927, ਮਿਤੀ 28.01.2010, ਜੋ ਦੁਕਾਨ ਨੰ. 26, ਨਵੀਂ ਅਨਾਜ ਮੰਡੀ, ਅਜੀਤਵਾਲ, ਜਗਰਾਓਂ, ਜ਼ਿਲਾ ਮੋਗਾ ਵਿਖੇ ਦਲਜੀਤ ਸਿੰਘ ਪੁੱਤਰ ਸੋਹਣ ਸਿੰਘ ਦੇ ਨਾਂ 'ਤੇ ਹੈ।			09.02.2022	ਸੰਕੇਤਕ ਕਬਜ਼ਾ	Rs. 13,00,000/-	Rs. 1,30,000/-	Rs. 50,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
3.	PUNB45400010595	ਸੁਖਜੀਤ ਸਿੰਘ	84279 - 79800	ਮੈਸਰਜ਼ ਸੋਹਣ ਸਿੰਘ ਐਂਡ ਸੰਜ਼, ਪਤਾ: ਸਾਹਮਣੇ ਸੰਜੀਵਨੀ ਹਸਪਤਾਲ, ਦੁਕਾਨ ਨੰ. 10, ਨਵੀਂ ਅਨਾਜ ਮੰਡੀ, ਜਗਰਾਓਂ-14026, ਪਾਰਟਨਰ : (i) ਦਲਜੀਤ ਸਿੰਘ ਪੁੱਤਰ ਸੋਹਣ ਸਿੰਘ, (ii) ਪਵਨਪ੍ਰੀਤ ਸਿੰਘ ਪੁੱਤਰ ਦਲਜੀਤ ਸਿੰਘ, (iii) ਬਲਪ੍ਰੀਤ ਸਿੰਘ ਪੁੱਤਰ ਦਲਜੀਤ ਸਿੰਘ, ਸਾਰੇ ਵਾਸੀ ਪਹਿਲਾ ਪਤਾ : ਸਾਹਮਣੇ ਸੰਜੀਵਨੀ ਹਸਪਤਾਲ, ਦੁਕਾਨ ਨੰ. 10, ਨਵੀਂ ਅਨਾਜ ਮੰਡੀ, ਜਗਰਾਓਂ-14026, ਦੂਜਾ ਪਤਾ : ਮ. ਨੰ. 1757/17 ਏ. ਬੀ., 6 ਆਰ., ਹੀਰਾ ਬਾਗ, ਜਗਰਾਓਂ, ਜ਼ਿਲਾ ਲੁਧਿਆਣਾ, ਪੰਜਾਬ-142026.	278 ਵਰਗ ਗਜ਼ ਦੀ ਪੈਮਾਇਸ਼ ਵਾਲੀ ਕਮਰਸ਼ੀਅਲ ਜਾਇਦਾਦ ਜਿਸ ਦਾ ਵੇਰਵਾ ਹੈ : ਦੁਕਾਨ ਨੰ. 10, ਅੱਧਾ ਹਿੱਸਾ ਪੈਮਾਇਸ਼ 139 ਵਰਗ ਗਜ਼ ਜੋ ਕੁਲ 278 ਵਰਗ ਗਜ਼ 'ਚੋਂ ਹੈ। ਇਹ ਜਾਇਦਾਦ ਨਵੀਂ ਅਨਾਜ ਮੰਡੀ, ਜਗਰਾਓਂ, ਤਹਿਸੀਲ ਤੇ ਜ਼ਿਲਾ ਲੁਧਿਆਣਾ 'ਚ ਸਥਿਤ ਹੈ। ਗਿਫਟ ਡੀਡ ਵਸੀਕਾ ਨੰ. 2125, ਮਿਤੀ 25.10.2017 ਤਹਿਤ ਬਲਪ੍ਰੀਤ ਸਿੰਘ ਪੁੱਤਰ ਦਲਜੀਤ ਸਿੰਘ ਦੇ ਨਾਂ 'ਤੇ ਹੈ ਅਤੇ ਦੁਕਾਨ ਨੰ. 10, ਅੱਧਾ ਹਿੱਸਾ ਪੈਮਾਇਸ਼ 139 ਵਰਗ ਗਜ਼ ਜੋ ਕੁੱਲ 278 ਵਰਗ ਗਜ਼ 'ਚੋਂ ਹੈ। ਇਹ ਜਾਇਦਾਦ ਨਵੀਂ ਅਨਾਜ ਮੰਡੀ, ਜਗਰਾਓਂ, ਤਹਿਸੀਲ ਤੇ ਜ਼ਿਲਾ ਲੁਧਿਆਣਾ 'ਚ ਸਥਿਤ ਹੈ। ਟਰਾਂਸਫਰ ਸੇਲ ਡੀਡ ਵਸੀਕਾ ਨੰ. 3693, ਮਿਤੀ 18.03.2016 ਤਹਿਤ ਬਲਪ੍ਰੀਤ ਸਿੰਘ ਪੁੱਤਰ ਦਲਜੀਤ ਸਿੰਘ ਦੇ ਨਾਂ 'ਤੇ ਹੈ।	04.01.2021	38,12,334.69 ਰੁਪਏ ਮਿਤੀ 31.01.2022 ਨੂੰ ਮਿਤੀ 31.01.2022 ਤਕ ਲੱਗੇ ਵਿਆਜ ਸਮੇਤ ਤੇ 01.02.2022 ਤੋਂ ਅਗਲਾ ਵਿਆਜ ਜਮ੍ਹਾ ਹੋਰ ਖਰਚੇ	31.05.2022	ਸੰਕੇਤਕ ਕਬਜ਼ਾ	Rs. 40,00,000	Rs. 4,00,000	Rs. 1,00,000/-	SA185/2024 ਪੈਂਡਿੰਗ ਹੈ

ਨਿਯਮ ਅਤੇ ਸ਼ਰਤਾਂ : 1. ਵਿਕਰੀ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਨਿਯਮ 2002 'ਚ ਦਰਸਾਈਆਂ ਗਈਆਂ ਸ਼ਰਤਾਂ ਅਤੇ ਨਿਯਮਾਂ ਮੁਤਾਬਕ ਹੋਵੇਗੀ। ਨਾਲ ਹੀ ਹੇਠ ਲਿਖੀਆਂ ਸ਼ਰਤਾਂ ਮੁਤਾਬਕ ਵੀ ਇਹ ਹੋਵੇਗੀ। 2. ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿਥੇ ਹੈ', 'ਜੋ ਹੈ ਜਿਥੇ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੋਵੇਗੀ। 3. ਸਕਿਓਰਡ ਐਸੇਟਸ ਦੇ ਜੋ ਵੇਰਵੇ ਉਪਰੋਕਤ ਸ਼ਡਿਊਲ 'ਚ ਦਿੱਤੇ ਗਏ ਹਨ, ਅਧਿਕਾਰਤ ਅਧਿਕਾਰੀ ਦੀ ਵੱਧ ਤੋਂ ਵੱਧ ਜਾਣਕਾਰੀ ਮੁਤਾਬਕ ਹਨ ਪਰ ਅਧਿਕਾਰਤ ਅਧਿਕਾਰੀ ਕਿਸੇ ਗਲਤੀ, ਗਲਤ ਬਿਆਨਬਾਜ਼ੀ ਜਾਂ ਐਲਾਨਨਾਮੇ 'ਚ ਕੋਈ ਕੋਤਾਹੀ ਲਈ ਜਵਾਬਦੇਹ ਨਹੀਂ ਹੋਵੇਗਾ। 4. ਵਿਕਰੀ ਨਿਮਨਹਸਤਾਖਰੀ ਵਲੋਂ ਈ-ਨਿਲਾਮੀ ਪਲੇਟਫਾਰਮ ਰਾਹੀਂ ਲੜੀ ਨੰ.1 ਤੋਂ 5 ਲਈ 24.09.2026 ਅਤੇ ਲੜੀ ਨੰ. 6 ਲਈ 15.10.2026 ਨੂੰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਵੈੱਬਸਾਈਟ https://BAANKNET.com 'ਤੇ ਕੀਤੀ ਜਾਵੇਗੀ। ਵਿਕਰੀ ਦੇ ਵਿਸਥਾਰਤ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ https://BAANKNET.com ਦਾ ਹਵਾਲਾ ਲਵੋ। 5. ਰਾਖਵੀਂ ਕੀਮਤ ਤੋਂ ਉੱਪਰ ਅਤੇ ਵੱਧ, ਘੱਟੋ-ਘੱਟ ਇਕ ਬੋਲੀ ਦੀ ਰਕਮ ਲਾਜ਼ਮੀ ਹੈ। ਬਕਾਇਆ ਚਾਰਜਿਜ਼/ਬਿਜਲੀ ਦਾ ਬਿੱਲ, ਹਾਊਸ ਟੈਕਸ ਆਦਿ ਨਿਲਾਮੀ ਖਰੀਦਦਾਰ ਵਲੋਂ ਸਹਿਣ ਕੀਤੇ ਜਾਣਗੇ।

ਸਰਫੇਸੀ ਐਕਟ, 2002 ਦੇ ਰੂਲ 9 (1) ਤਹਿਤ ਵਿਧਾਨਿਕ ਵਿਕਰੀ ਨੋਟਿਸ

ਮਿਤੀ: 13.10.2026 ਥਾਂ : ਲੁਧਿਆਣਾ ਅਧਿਕਾਰਤ ਅਫਸਰ-ਪੰਜਾਬ ਨੈਸ਼ਨਲ ਬੈਂਕ (ਸਕਿਓਰਡ ਕ੍ਰੈਡੀਟਰ)